# ਗਵਾਹ
# ਬਣਨਾ

ਅਪਰਾਧਕ ਮੁਕੱਦਮਿਆਂ ਦੀ ਕਾਰਵਾਈ ਬਾਰੇ
ਬੱਚਿਆਂ ਲਈ ਇਕ ਪੁਸਤਿਕਾ

# ਗਵਾਹ ਬਣਨਾ

ਅਪਰਾਧਕ ਮੁਕੱਦਮਿਆਂ ਦੀ ਕਾਰਵਾਈ ਬਾਰੇ
ਬੱਚਿਆਂ ਲਈ ਇਕ ਪੁਸਤਿਕਾ

ਸਪ੍ਰਿੰਗਬਰਨ ਦੇ ਐਲਬਰਟ ਪ੍ਰਾਇਮਰੀ ਸਕੂਲ ਅਤੇ ਪੋਲੋਸ਼ੀਲਡਜ਼ ਦੇ ਗਲੈਂਡੇਲ ਪ੍ਰਾਇਮਰੀ ਸਕੂਲ ਦੇ ਬੱਚਿਆਂ ਦਾ ਵਿਸ਼ੇਸ਼ ਧੰਨਵਾਦ

ਚਿਤਰਕਾਰ ਐਲੀਨਰ ਮੈਰਿਡਿਥ,
ਡੰਕਨ, ਜਾਰਡਨਸਟੋਨ ਕਾਲਜ ਆਫ਼ ਆਰਟ ਐਂਡ ਡਿਜ਼ਾਈਨ, ਯੂਨੀਵਰਸਿਟੀ ਆਫ਼ ਡੰਡੀ

ਐਸਟਰਾਨ ਵਲੋਂ ਸਕਾਟਿਸ਼ ਐਗਜ਼ੈਕਟਿਵ ਲਈ ਤਿਆਰ ਕੀਤੀ ਗਈ B41390 06/05
ਸਕਾਟਿਸ਼ ਐਗਜ਼ੈਕਟਿਵ ਵਲੋਂ ਪ੍ਰਕਾਸ਼ਤ ਕੀਤੀ ਗਈ, ਜੂਨ 2005
ਇਹ ਪੂਰੀ ਦੀ ਪੂਰੀ ਦਸਤਾਵੇਜ਼ ਰੀਸਾਇਕਲ ਕੀਤੇ ਕਾਗਜ਼ 'ਤੇ ਛਾਪੀ ਗਈ ਹੈ ਅਤੇ ਇਹ 100% ਰੀਸਾਈਕਲਯੋਗ ਹੈ

# ਤਤਕਰਾ


01 ਭੂਮਿਕਾ

02 ਗਵਾਹ ਕੀ ਹੁੰਦਾ ਹੈ?

04 ਕੌਣ ਤੁਹਾਡੀ ਮਦਦ ਕਰ ਸਕਦਾ ਹੈ?

06 ਕੋਰਟ ਵਿੱਚ ਮੇਰੇ ਜਾਣ ਤੋਂ ਪਹਿਲਾਂ ਕੀ ਹੁੰਦਾ ਹੈ?

07 ਕੋਰਟ ਕੀ ਹੁੰਦੀ ਹੈ?

08 ਕੋਰਟ ਰੂਮ ਵਿੱਚ ਕੌਣ ਕੌਣ ਹੁੰਦਾ ਹੈ ਅਤੇ ਉਨ੍ਹਾਂ ਦੇ ਕੀ ਕੰਮ ਹਨ?

10 ਇਕ ਗਵਾਹ ਵਜੋਂ ਤੁਹਾਡਾ ਕੀ ਕੰਮ ਹੈ?

12 ਕੋਰਟ ਨੂੰ ਉਹ ਕੁਝ ਦਸਣਾ ਜੋ ਤੁਸੀਂ ਜਾਣਦੇ ਹੋ

14 ਕੋਰਟ ਰੂਮ ਵਿੱਚ ਵਿਅਕਤੀ ਨੂੰ ਵੇਖਣ 'ਤੇ

15 ਗਵਾਹ ਬਣਨ ਵਿੱਚ ਤੁਹਾਡੀ ਮਦਦ

16 ਇਕ ਵਿਸ਼ੇਸ਼ ਟੈਲੀਵਿਯਨ ਦੀ ਵਰਤੋਂ

18 ਸਕ੍ਰੀਨ ਦੀ ਵਰਤੋਂ

20 ਸਮਰਥਨ ਦੇਣ ਵਾਲੇ ਵਿਅਕਤੀ ਦੀ ਵਰਤੋਂ

21 ਹੋਰ ਗਲਾਂ ਜਿਨ੍ਹਾਂ ਤੋਂ ਤੁਹਾਨੂੰ ਸਹਾਇਤਾ ਮਿਲ ਸਕਦੀ ਹੈ

22 ਕੋਰਟ ਦੀ ਫੇਰੀ

24 ਗਵਾਹ ਬਣਨ ਦੀ ਉਡੀਕ ਵਿੱਚ

26 ਤੁਹਾਡੇ ਵਲੋਂ ਸਾਰੇ ਜਵਾਬ ਦੇਣ ਤੋਂ ਬਾਅਦ ਕੀ ਹੁੰਦਾ ਹੈ?

27 ਯਾਦ ਰਖਣ ਵਾਲੀਆਂ ਗਲਾਂ

28 ਸਵਾਲ?

# ਭੂਮਿਕਾ

ਤੁਹਾਨੂੰ ਗਵਾਹ ਬਣਨ ਲਈ ਕਿਹਾ ਗਿਆ ਹੈ।

ਇਸ ਪੁਸਤਿਕਾ ਤੋਂ ਤੁਹਾਨੂੰ ਮਦਦ ਮਿਲੇਗੀ।

# ਗਵਾਹ ਕੀ ਹੁੰਦਾ ਹੈ?

ਗਵਾਹ ਉਹ ਵਿਅਕਤੀ ਹੈ, ਜਿਸਨੂੰ ਹੋ ਸਕਦਾ ਹੈ ਕਿਸੇ ਮਹਤੱਵਪੂਰਨ ਗਲ ਦਾ ਪਤਾ ਹੋਵੇ।

ਹੋ ਸਕਦਾ ਹੈ ਕਿ ਤੁਸੀਂ ਕੁਝ ਸੁਣਿਆ ਹੋਵੇ ਜਾਂ ਕੁਝ ਵੇਖਿਆ ਹੋਵੇ। ਜਾਂ ਕੁਝ ਅਜਿਹਾ ਜੋ ਤੁਹਾਡੇ ਨਾਲ ਵਾਪਰਿਆ ਹੋਵੇ।

ਹੋ ਸਕਦਾ ਹੈ ਕਿ ਤੁਸੀਂ ਪੁਲੀਸ ਜਾਂ ਸੋਸ਼ਲ ਵਰਕਰ ਜਾਂ ਕਿਸੇ ਵਕੀਲ ਨਾਲ ਗਲ ਕੀਤੀ ਹੋਵੇ ਅਤੇ ਉਨ੍ਹਾਂ ਨੂੰ ਉਹ ਕੁਝ ਦਸਿਆ ਹੋਵੇ, ਜੋ ਤੁਸੀਂ ਜਾਣਦੇ ਹੋ।

ਹੁਣ ਇਹ ਜ਼ਰੂਰੀ ਹੈ ਕਿ ਤੁਸੀਂ ਕੋਰਟ ਵਿੱਚ ਉਹ ਕੁਝ ਦਸੋ, ਜਿਸਦਾ ਤੁਹਾਨੂੰ ਪਤਾ ਹੈ।

ਇਸ ਨੂੰ ਗਵਾਹ ਬਣਨਾ ਕਿਹਾ ਜਾਂਦਾ ਹੈ।

ਕੁਝ ਬਚਿਆਂ ਨੂੰ ਗਵਾਹ ਬਣਨ ਜਾਂ ਕੋਰਟ ਵਿੱਚ ਜਾਣ ਬਾਰੇ ਬਹੁਤ ਕੁਝ ਪਤਾ ਨਹੀਂ ਹੁੰਦਾ। ਇਸ ਵਿੱਚ ਚਿੰਤਾ ਵਾਲੀ ਕੋਈ ਗਲ ਨਹੀਂ। ਬਹੁਤ ਸਾਰੇ ਵਿਅਕਤੀ ਹਨ ਜੋ ਤੁਹਾਡੀ ਮਦਦ ਕਰ ਸਕਦੇ ਹਨ।

ਇਹ ਕੁਝ ਗਲਾਂ ਹਨ, ਜਿਨ੍ਹਾਂ ਬਾਰੇ ਹੋਰ ਬੱਚਿਆਂ ਨੇ ਪੁਛਿਆ ਹੈ।

ਕੋਰਟ ਵਿੱਚ ਕੀ ਹੁੰਦਾ ਹੈ?
ਕੋਰਟ ਵਿੱਚ ਕੌਣ ਕੌਣ ਹੋਵੇਗਾ?
ਕੀ ਮੈਨੂੰ ਇਕੱਲਿਆਂ ਹੀ ਸਭ ਕੁਝ ਕਰਨਾ ਪਵੇਗਾ?
ਜਦੋਂ ਮੈਂ ਗਵਾਹ ਬਣਾਂ ਤਾਂ ਕੌਣ ਮੇਰੀ ਮਦਦ ਕਰ ਸਕਦਾ ਹੈ?

ਇਸ ਪੁਸਤਿਕਾ ਵਿੱਚ ਤੁਹਾਨੂੰ ਉਹ ਕੁਝ ਦਸਿਆ ਗਿਆ ਹੈ, ਜਿਸਦਾ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ।

# ਕੌਣ ਤੁਹਾਡੀ ਮਦਦ ਕਰ ਸਕਦਾ ਹੈ?

ਅਜਿਹੇ ਬਹੁਤ ਸਾਰੇ ਵਿਅਕਤੀ ਹਨ ਜੋ ਤੁਹਾਡੀ ਮਦਦ ਕਰ ਸਕਦੇ ਹਨ। ਤੁਸੀਂ ਆਪਣੇ ਪਰਿਵਾਰ ਵਿੱਚ ਕਿਸੇ ਨਾਲ ਜਾ ਸਕੂਲ ਵਿੱਚ ਕਿਸੇ ਨਾਲ ਗਲ ਕਰ ਸਕਦੇ ਹੋ।

ਕੁਝ ਹੋਰ ਅਜਿਹੇ ਲੋਕ ਹਨ, ਜਿਨ੍ਹਾਂ ਦਾ ਕੰਮ ਤੁਹਾਡੀ ਮਦਦ ਕਰਨਾ ਹੈ:

- ਇਕ ਸੋਸ਼ਲ ਵਰਕਰ ਤੁਹਾਡੀ ਮਦਦ ਕਰ ਸਕਦਾ ਹੈ। ਸੋਸ਼ਲ ਵਰਕਰ ਉਹ ਵਿਅਕਤੀ ਹੈ, ਜੋ ਵਧੀਕ ਸਹਾਇਤਾ ਦੀ ਜ਼ਰੂਰਤ ਵਾਲੇ ਲੋਕਾਂ ਨਾਲ ਕੰਮ ਕਰਦਾ ਹੈ।

- ਪੁਲੀਸ ਇਹ ਪਤਾ ਲਾਉਣ ਵਿੱਚ ਤੁਹਾਡੀ ਸਹਾਇਤਾ ਕਰ ਸਕਦੀ ਹੈ ਕਿ ਕੀ ਦੀ ਹੋ ਰਿਹਾ ਹੈ।

- ਵਕੀਲ ਉਹ ਵਿਅਕਤੀ ਹੈ, ਜਿਸ ਨੇ ਤੁਹਾਨੂੰ ਗਵਾਹ ਬਣਨ ਲਈ ਕਿਹਾ ਹੈ। ਉਹ ਵੀ ਤੁਹਾਡੀ ਮਦਦ ਕਰ ਸਕਦਾ ਹੈ।

- ਪੀੜਤਾਂ ਲਈ ਸੂਚਨਾ ਅਤੇ ਸਲਾਹ **(VIA)** ਕੋਲ ਕੁਝ ਵਿਅਕਤੀ ਹਨ, ਜੋ ਗਵਾਹ ਬਣਨ ਵਾਲੇ ਬੱਚਿਆਂ ਦੀ ਮਦਦ ਕਰਦੇ ਹਨ।

- ਗਵਾਹ ਸੇਵਾ ਵੀ ਤੁਹਾਡੀ ਸਹਾਇਤਾ ਕਰ ਸਕਦੀ ਹੈ। ਇਸ ਨਾਲ ਸੰਬੰਧਤ ਵਿਅਕਤੀ ਕੋਰਟ ਵਿੱਚ ਕੰਮ ਕਰਦੇ ਹਨ।

# ਕੋਰਟ ਵਿੱਚ ਮੇਰੇ ਜਾਣ ਤੋਂ ਪਹਿਲਾਂ ਕੀ ਹੁੰਦਾ ਹੈ?

ਹੋ ਸਕਦਾ ਹੈ ਕਿ ਤੁਸੀਂ ਗਵਾਹ ਬਣਨ ਬਾਰੇ ਕਿਸੇ ਵਕੀਲ ਨਾਲ ਗਲ ਕੀਤੀ ਹੋਵੇ। ਵਕੀਲ ਉਹ ਵਿਅਕਤੀ ਹੈ, ਜੋ ਜਤਨ ਕਰਦਾ ਹੈ ਕਿ ਕਾਨੂੰਨ ਉਚਿਤ ਢੰਗ ਨਾਲ ਕੰਮ ਕਰੇ।

ਆਮ ਕਰਕੇ ਵਕੀਲ ਆ ਕੇ ਤੁਹਾਡੇ ਨਾਲ ਗਲ ਕਰੇਗਾ ਅਤੇ ਤੁਹਾਨੂੰ ਸਵਾਲ ਪੁਛੇਗਾ। ਹੋ ਸਕਦਾ ਹੈ ਕਿ ਇਕ ਤੋਂ ਵਧ ਵਕੀਲ ਤੁਹਾਡੇ ਕੋਲੋਂ ਸਵਾਲ ਪੁਛਣੇ ਚਾਹੁਣ।

ਉਹ ਤੁਹਾਨੂੰ ਕੋਰਟ ਬਾਰੇ ਜਾਣਕਾਰੀ ਦੇ ਸਕਦਾ ਹੈ ਅਤੇ ਦਸ ਸਕਦਾ ਹੈ ਕਿ ਇਹ ਵੇਖਣ ਵਿੱਚ ਕਿਸਤਰ੍ਹਾਂ ਦੀ ਲਗਦੀ ਹੈ। ਜੇ ਤੁਸੀਂ ਕੋਰਟ ਵੇਖਣ ਲਈ ਇਸਦਾ ਚੱਕਰ ਲਾਉਣਾ ਚਾਹੋ ਤਾਂ ਵਕੀਲ ਨੂੰ ਦਸੋ।

ਵਕੀਲ ਤੁਹਾਡੇ ਸਾਰੇ ਸਵਾਲਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕਰੇਗਾ।

# ਕੋਰਟ ਕੀ ਹੁੰਦੀ ਹੈ?

ਕੋਰਟ ਉਹ ਸਥਾਨ ਹੈ, ਜਿਥੇ ਇਕ ਜੱਜ ਕੰਮ ਕਰਦਾ ਹੈ। ਜੱਜ ਉਸ ਕੋਰਟ ਦਾ ਇਨ-ਚਾਰਜ ਹੁੰਦਾ ਹੈ ਅਤੇ ਉਸਦਾ ਕੰਮ ਹੈ ਤੁਹਾਡੀ ਗਲ ਸੁਣਨਾ। ਉਹ ਤੁਹਾਨੂੰ ਸਵਾਲ ਵੀ ਪੁਛ ਸਕਦਾ ਹੈ।

ਕੁਝ ਕੋਰਟਾਂ ਵਿੱਚ ਜੱਜ ਨੂੰ ਸ਼ੈਰਿਫ਼ ਕਿਹਾ ਜਾਂਦਾ ਹੈ।

ਕੋਰਟ ਇਹ ਫ਼ੈਸਲਾ ਕਰਦੀ ਹੈ, ਕਿ ਕੀ ਕਿਸੇ ਨੇ ਕੋਈ ਗ਼ਲਤ ਕੰਮ ਕੀਤਾ ਹੈ, ਅਤੇ ਕਾਨੂੰਨ ਭੰਗ ਕੀਤਾ ਹੈ।

ਕਾਨੂੰਨ ਨਿਯਮਾਂ ਦਾ ਇਕ ਸੰਗ੍ਰਹਿ ਹੈ ਅਤੇ ਲੋਕਾਂ ਨੂੰ, ਇਨ੍ਹਾਂ ਨੂੰ ਬਿਲਕੁਲ ਭੰਗ ਨਹੀਂ ਕਰਨਾ ਚਾਹੀਦਾ। ਕਾਨੂੰਨ ਭੰਗ ਕਰਨਾ ਜੁਰਮ ਕਰਨ ਦੇ ਤੁਲ ਹੈ।

ਕਾਨੂੰਨ ਨੂੰ ਭੰਗ ਕਰਨਾ ਇਕ ਗ਼ਲਤ ਕਾਰਵਾਈ ਹੈ।

ਬਹੁਤੀਆਂ ਕੋਰਟਾਂ ਦੀਆਂ ਇਮਾਰਤਾਂ ਵਿੱਚ ਇਕ ਤੋਂ ਵਧ ਕਮਰੇ ਹੁੰਦੇ ਹਨ। ਸਭ ਤੋਂ ਅਹਿਮ ਕਮਰਾ ਕੋਰਟਰੂਮ ਹੁੰਦਾ ਹੈ।

# ਕੋਰਟ ਰੂਮ ਵਿੱਚ ਕੌਣ ਕੌਣ ਹੁੰਦਾ ਹੈ ਅਤੇ ਉਨ੍ਹਾਂ ਦੇ ਕੀ ਕੰਮ ਹਨ?

- ਕੋਰਟ ਰੂਮ ਵਿੱਚ ਹਮੇਸ਼ਾ ਜੱਜ ਅਤੇ ਵਕੀਲ ਹੁੰਦੇ ਹਲ। ਉਨ੍ਹਾਂ ਦਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਸਭ ਕੁਝ ਨਿਆਂਪੂਰਨ ਹੋਵੇ।

ਜੱਜਾਂ ਦੀ ਸਹਾਇਤਾ ਲਈ ਹੋਰ ਵਿਅਕਤੀ ਵੀ ਹੁੰਦੇ ਹਨ।

- ਕਲਰਕ: ਉਹ ਜੱਜ ਦੇ ਕਾਗ਼ਜ਼ ਪਤੱਰਾਂ ਨੂੰ ਠੀਕ ਢੰਗ ਨਾਲ ਸੰਭਾਲ ਕੇ ਰਖਦਾ ਹੈ।
- ਕੋਰਟ ਅਫ਼ਸਰ (ਜਿਸਨੂੰ ਕਦੀ ਕਦੀ ਮੇਸਰ ਕਿਹਾ ਜਾਂਦਾ ਹੈ): ਇਹ ਵਿਅਕਤੀ ਜੱਜ ਲਈ ਚੀਜ਼ਾਂ ਦਾ ਪ੍ਰਬੰਧ ਕਰਦਾ ਹੈ ਅਤੇ ਕੋਰਟ ਵਿੱਚ ਹੋਰ ਲੋਕਾਂ ਦਾ ਧਿਆਨ ਰਖਦਾ ਹੈ।
- ਜਿਊਰੀ: ਇਹ ਕੁਝ ਵਿਅਕਤੀਆਂ ਦਾ ਇਕ ਗਰੁੱਪ ਹੁੰਦਾ ਹੈ ਜੋ ਤੁਹਾਡੀ ਗਲ ਸੁਣਦਾ ਹੈ ਅਤੇ ਕੋਰਟ ਨੂੰ ਇਹ ਫ਼ੈਸਲਾ ਕਰਨ ਵਿੱਚ ਮਦਦ ਦਿੰਦਾ ਹੈ ਕਿ ਕੀ ਕਿਸੇ ਨੇ ਕਾਨੂੰਨ ਭੰਗ ਕੀਤਾ ਹੈ।
- ਦੋਸ਼ੀ: ਇਹ ਉਹ ਵਿਅਕਤੀ ਹੁੰਦਾ ਹੈ, ਜਿਸਨੇ ਹੋ ਸਕਦਾ ਹੈ ਕਾਨੂੰਨ ਭੰਗ ਕੀਤਾ ਹੋਵੇ। ਦੋਸ਼ੀ, ਕੋਰਟ ਰੂਮ ਵਿੱਚ ਜੋ ਕੁਝ ਵੀ ਹੁੰਦਾ ਹੈ, ਉਸਨੂੰ ਵੇਖ ਅਤੇ ਸੁਣ ਸਕਦਾ ਹੈ।
- ਪਬਲਿਕ: ਕਦੀ ਕਦੀ ਕੋਰਟ ਵਿੱਚ ਹੋਰ ਲੋਕ ਕਾਰਵਾਈ ਵੇਖਣ ਲਈ ਬੈਠੇ ਹੁੰਦੇ ਹਨ। ਜੇ ਤੁਸੀਂ ਨਹੀਂ ਚਾਹੁੰਦੇ ਕਿ ਉਥੇ ਹੋਰ ਲੋਕ ਹੋਣ, ਤਾਂ ਤੁਸੀਂ ਜੱਜ ਜਾਂ ਵਕੀਲ ਨੂੰ ਕਹਿ ਸਕਦੇ ਹੋ।
- ਪੁਲੀਸ ਜਾਂ ਸੁਰੱਖਿਆ ਸੰਬੰਧੀ ਵਿਅਕਤੀ: ਉਨ੍ਹਾਂ ਦਾ ਕੰਮ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਹਰ ਕੋਈ ਠੀਕ ਤਰ੍ਹਾਂ ਵਿਹਾਰ ਕਰੇ।

# ਇਕ ਗਵਾਹ ਵਜੋਂ ਤੁਹਾਡਾ ਕੀ ਕੰਮ ਹੈ?

ਤੁਹਾਡਾ ਕੰਮ ਕੋਰਟ ਵਿੱਚ ਵਿਅਕਤੀਆਂ ਨੂੰ ਉਹ ਕੁਝ ਦਸਣਾ ਹੈ, ਜੋ ਤੁਸੀਂ ਜਾਣਦੇ ਹੋ।

ਇਹ ਕਿਸੇ ਕਿਸੇ ਵੇਲੇ ਔਖਾ ਹੋ ਸਕਦਾ ਹੈ। ਜੇ ਤੁਸੀਂ ਕੁਝ ਫ਼ਿਕਰਮੰਦ ਹੋਵੋਗੇ, ਤਾਂ ਜੱਜ ਅਤੇ ਵਕੀਲ ਇਸ ਗਲ ਨੂੰ ਸਮਝ ਲੈਣਗੇ। ਉਹ ਜਾਣਦੇ ਹਨ ਕਿ ਤੁਸੀਂ ਉਨ੍ਹਾਂ ਦੀ ਮਦਦ ਕਰਨ ਲਈ ਉਥੇ ਆਏ ਹੋ। ਅਤੇ ਉਹ ਤੁਹਾਡੀ ਸਹਾਇਤਾ ਕਰਨਗੇ।

ਤੁਹਾਨੂੰ ਸਵਾਲ ਪੁਛੇ ਜਾਣਗੇ।

- ਜੱਜ ਤੁਹਾਡੇ ਕੋਲੋਂ ਤੁਹਾਡਾ ਨਾਂਅ ਅਤੇ ਤੁਹਾਡੀ ਉਮਰ ਪੁਛ ਸਕਦਾ ਹੈ।
- ਵਕੀਲ ਤੁਹਾਨੂੰ ਉਸ ਬਾਰੇ ਸਵਾਲ ਪੁਛਣਗੇ, ਜੋ ਹੋ ਸਕਦਾ ਹੈ ਤੁਸੀਂ ਵੇਖਿਆ ਜਾਂ ਸੁਣਿਆ ਹੋਵੇ।
- ਉਹ ਤੁਹਾਨੂੰ ਉਸ ਬਾਰੇ ਪੁਛ ਸਕਦੇ ਹਲ, ਜੋ ਤੁਹਾਡੇ ਨਾਲ ਵਾਪਰਿਆ ਹੋਵੇ।

ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਜੱਜ ਅਤੇ ਵਕੀਲਾਂ ਨੂੰ ਉਹ ਸਭ ਕੁਝ ਦਸੋ, ਜੋ ਤੁਸੀਂ ਜਾਣਦੇ ਹੋ।

ਉਨ੍ਹਾਂ ਨੂੰ ਉਹ ਗਲਾਂ ਦਸਣਾ ਵੀ ਠੀਕ ਹੈ, ਜਿਨ੍ਹਾਂ ਨੂੰ ਕਹਿਣਾ ਮੁਸ਼ਕਿਲ ਹੁੰਦਾ ਹੈ।

ਉਨ੍ਹਾਂ ਨੂੰ ਕੋਈ ਭੇਤ ਦਸਣਾ ਵੀ ਉਚਿਤ ਹੈ, ਬਸ਼ਰਤੇਕਿ ਇਹ ਸੱਚ ਹੋਵੇ।

ਤੁਹਾਨੂੰ ਸੱਚ ਬੋਲਣ ਤੋਂ ਡਰਨਾ ਨਹੀਂ ਚਾਹੀਦਾ।

# ਕੋਰਟ ਨੂੰ ਉਹ ਕੁਝ ਦਸਣਾ ਜੋ ਤੁਸੀਂ ਜਾਣਦੇ ਹੋ

ਜੱਜ ਅਤੇ ਵਕੀਲਾਂ ਨੂੰ, ਜੋ ਕੁਝ ਵਾਪਰਿਆ ਹੋਵੇ, ਉਸਦਾ ਪਤਾ ਨਹੀਂ ਹੁੰਦਾ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਕੋਰਟ ਨੂੰ ਉਹ ਗਲਾਂ, ਜੋ ਤੁਸੀਂ ਜਾਣਦੇ ਹੋ, ਦਸਕੇ ਉਨ੍ਹਾਂ ਦੀ ਮਦਦ ਕਰੋ।

ਇਹ ਬਹੁਤ ਮਹਤੱਪਵੂਰਨ ਹੈ ਕਿ ਹਰ ਗਲ ਸੱਚ ਸੱਚ ਦਸੋ।

ਸਾਰੇ ਸਵਾਲਾਂ ਨੂੰ ਧਿਆਨ ਨਾਲ ਸੁਣੋ। ਸਵਾਲਾਂ ਦੇ ਉਤੱਰ ਦੇਣ ਦੀ ਕੋਸ਼ਿਸ਼ ਕਰੋ। ਯਾਦ ਰਖੋ ਕਿ ਤੁਹਾਨੂੰ ਸਾਫ਼ ਅਤੇ ਉੱਚੀ ਆਵਾਜ਼ ਵਿੱਚ ਬੋਲਣਾ ਚਾਹੀਦਾ ਹੈ।

ਕੋਰਟ ਉਹ ਕੁਝ ਸੁਣਨਾ ਚਾਹੁੰਦੀ ਹੁੰਦੀ ਹੈ, ਜਿਸਦਾ ਤੁਹਾਨੂੰ ਪਤਾ ਹੋਵੇ। ਕੋਈ ਹੋਰ ਤੁਹਾਨੂੰ ਇਹ ਨਾਂਹ ਦਸੇ ਕਿ ਤੁਸੀਂ ਕੀ ਕਹਿਣਾ ਹੈ।

ਕਦੀ ਕਦੀ ਵਕੀਲ ਲੰਮੇ ਅਤੇ ਔਖੇ ਸ਼ਬਦ ਵਰਤਦੇ ਹਨ ਜਾਂ ਭੰਬਲ ਭੂਸੇ ਵਿੱਚ ਪਾਉਣ ਵਾਲੇ ਸਵਾਲ ਪੁਛਦੇ ਹਨ। ਜੇ ਤੁਹਾਨੂੰ ਕੋਈ ਸ਼ਬਦ ਜਾਂ ਸਵਾਲ ਸਮਝ ਨਹੀਂ ਆਉਂਦਾ ਤਾਂ ਇਹ ਕਹਿਣ ਵਿੱਚ ਕੋਈ ਹਰਜ ਨਹੀਂ ਕਿ 'ਮੈਨੂੰ ਸਮਝ ਨਹੀਂ ਆਇਆ'।

ਤੁਸੀਂ ਹਥ ਖੜ੍ਹਾ ਕਰਕੇ ਕਹਿ ਸਕਦੇ ਹੋ 'ਮਾਫ਼ ਕਰਨਾ' ਠੀਕ ਉਸ ਤਰ੍ਹਾਂ ਜਿਸਤਰ੍ਹਾਂ ਤੁਸੀਂ ਸਕੂਲ ਵਿੱਚ ਕਹਿੰਦੇ ਹੋ।

ਤੁਸੀਂ ਉਨ੍ਹਾਂ ਨੂੰ ਛੋਟੇ ਸ਼ਬਦ ਵਰਤਣ ਲਹੀ ਕਹਿ ਸਕਦੇ ਹੋ।

ਇਹ ਜ਼ਰੂਰੀ ਹੈ ਕਿ ਤੁਸੀਂ ਕਿਸੇ ਗਲ ਬਾਰੇ ਅਨੁਮਾਨ ਨਾਂਹ ਲਾਉ।

ਜੇ ਤੁਸੀਂ ਕਿਸੇ ਸਵਾਲ ਦਾ ਜਵਾਬ ਨਹੀਂ ਜਾਣਦੇ ਜਾਂ ਤੁਹਾਨੂੰ ਕੋਈ ਗਲ ਯਾਦ ਨਹੀਂ ਆਉਂਦੀ, ਤਾਂ ਇਹ ਕਹਿਣ ਵਿੱਚ ਕੋਈ ਹਰਜ ਨਹੀਂ।

ਜੇ ਤੁਹਾਨੂੰ ਜਵਾਬ ਦਾ ਪਤਾ ਨਹੀਂ, ਤਾਂ ਪਰੇਸ਼ਾਨ ਨਾਂਹ ਹੋਵੋ।

# ਕੋਰਟ ਰੂਮ ਵਿੱਚ ਵਿਅਕਤੀ ਨੂੰ ਵੇਖਣ 'ਤੇ

ਹੋ ਸਕਦਾ ਹੈ ਕਿ ਤੁਸੀਂ ਪੁਲੀਸ ਨੂੰ ਉਹ ਵਿਅਕਤੀ ਪਹਿਲਾਂ ਹੀ ਵਿਖਾ ਚੁਕੇ ਹੋਵੋ, ਜਿਸਦਾ ਤੁਸੀਂ ਪੁਲੀਸ ਕੋਲ ਜ਼ਿਕਰ ਕੀਤਾ ਹੋਵੇ। ਜੇ ਤੁਸੀਂ ਅਜਿਹਾ ਕੀਤਾ ਹੈ, ਤਾਂ ਤੁਹਾਨੂੰ ਮੁੜ ਇਹ ਕਰਨ ਦੀ ਜ਼ਰੂਰਤ ਨਹੀਂ।

ਪਰ ਹੋ ਸਕਦਾ ਹੈ ਕਿ ਕੋਰਟ ਵਿੱਚ ਵਕੀਲ ਪੁਛੇ ਕਿ ਕੀ ਤੁਹਾਨੂੰ ਉਹ ਵਿਅਕਤੀ ਉਥੇ ਨਜ਼ਰ ਆ ਰਿਹਾ ਹੈ।

ਜੇ ਤੁਹਾਨੂੰ ਇਹ ਪੁਛਿਆ ਜਾਂਦਾ ਹੈ, ਤਾਂ ਤੁਸੀਂ ਧਿਆਨ ਨਾਲ ਸਭ ਪਾਸੇ ਵੇਖੋ।

ਜੇ ਤੁਹਾਨੂੰ ਉਹ ਵਿਅਕਤੀ ਨਜ਼ਰ ਆਉਂਦਾ ਹੈ, ਤਾਂ ਉਸ ਵਲ ਇਸ਼ਾਰਾ ਕਰਕੇ ਵਿਖਾਉ।

ਜੇ ਤੁਹਾਨੂੰ ਉਹ ਵਿਅਕਤੀ ਉਥੇ ਵਿਖਾਈ ਨਹੀਂ ਦਿੰਦਾ, ਤਾਂ ਤੁਸੀਂ ਕਹਿ ਸਕਦੇ ਹੋ 'ਮੈਨੂੰ ਉਹ ਨਜ਼ਰ ਨਹੀਂ ਆ ਰਿਹਾ'।

ਜੇ ਤੁਹਾਨੂੰ ਕੋਰਟ ਵਿੱਚ ਉਸ ਵਿਅਕਤੀ ਦੇ ਨਜ਼ਰ ਆਉਣ ਸੰਬੰਧੀ ਕੋਈ ਚਿੰਤਾ ਹੈ, ਤਾਂ ਤੁਹਾਨੂੰ ਇਹ ਗਲ ਕਿਸੇ ਅਜਿਹੇ ਵਿਅਕਤੀ ਨੂੰ ਦਸਣੀ ਚਾਹੀਦੀ ਹੈ, ਜੋ ਤੁਹਾਡੀ ਮਦਦ ਕਰ ਸਕਦਾ ਹੋਵੇ।

# ਗਵਾਹ ਬਣਨ ਵਿੱਚ ਤੁਹਾਡੀ ਮਦਦ

ਗਵਾਹ ਬਣਨਾ ਹਮੇਸ਼ਾ ਆਸਾਨ ਨਹੀਂ ਹੁੰਦਾ। ਬਾਲਗ਼ ਇਹ ਗਲ ਸਮਝਦੇ ਹਨ, ਕਿ ਤੁਸੀਂ ਇਸ ਸੰਬੰਧ ਵਿੱਚ ਫ਼ਿਕਰਮੰਦ ਹੋ ਸਕਦੇ ਹੋ।

ਤੁਹਾਨੂੰ ਕਈ ਵਖ ਵਖ ਤਰੀਕੇ ਦਸੇ ਜਾਣਗੇ, ਜਿਨ੍ਹਾਂ ਨਾਲ ਤੁਹਾਨੂੰ ਗਵਾਹ ਬਣਨ ਵਿੱਚ ਸਹਾਇਤਾ ਮਿਲ ਸਕਦੀ ਹੈ। ਇਨ੍ਹਾਂ ਨਾਲ ਤੁਸੀਂ ਵਧੇਰੇ ਸੌਖ ਵਿੱਚ ਮਹਿਸੂਸ ਕਰ ਸਕਦੇ ਹੋ।

ਵਕੀਲ, ਸੋਸ਼ਲ ਵਰਕਰ, VIA ਜਾਂ ਗਵਾਹ ਸੇਵਾ ਵਲੋਂ ਤੁਹਾਨੂੰ ਗਵਾਹ ਬਣਨ ਦੇ ਇਨ੍ਹਾਂ ਵਿਸ਼ੇਸ਼ ਢੰਗਾਂ ਦੀ ਜਾਣਕਾਰੀ ਦਿਤੀ ਜਾਵੇਗੀ।

# ਇਕ ਵਿਸ਼ੇਸ਼ ਟੈਲੀਵਿਯਨ ਦੀ ਵਰਤੋਂ

ਤੁਸੀਂ ਕੋਰਟ ਰੂਮ ਵਿੱਚ ਜਾਏ ਬਗ਼ੈਰ ਇਕ ਵਿਸ਼ੇਸ਼ ਟੈਲੀਵਿਯਨ ਦੀ ਵਰਤੋਂ ਦੁਆਰਾ ਗਵਾਹ ਬਣ ਸਕਦੇ ਹੋ। ਜੇ ਤੁਹਾਨੂੰ ਲੋਕਾਂ ਨਾਲ ਭਰੇ ਕੋਰਟ ਰੂਮ ਵਿੱਚ ਜਾਣ ਤੋਂ ਘਬਰਾਹਟ ਹੁੰਦੀ ਹੈ, ਤਾਂ ਇਹ ਢੰਗ ਤੁਹਾਡੇ ਲਈ ਸਹਾਈ ਹੋ ਸਕਦਾ ਹੈ। ਤੁਸੀਂ ਇਸ ਟੈਲੀਵਿਯਨ ਦੀ ਵਰਤੋਂ ਦੁਆਰਾ ਜੱਜ ਅਤੇ ਵਕੀਲਾਂ ਨਾਲ ਗਲ ਕਰ ਸਕਦੇ ਹੋ।

ਟੈਲੀਵਿਯਨ ਵਾਲਾ ਕਮਰਾ, ਕੋਰਟਰੂਮ ਵਾਲੀ ਇਮਾਰਤ ਵਿੱਚ ਹੋ ਸਕਦਾ ਹੈ।

ਕਦੀ ਕਦੀ ਛੋਟੇ ਬੱਚਿਆਂ ਨੂੰ ਕੋਰਟ ਦੀ ਇਮਾਰਤ ਵਿੱਚ ਆਉਣ ਦੀ ਲੋੜ ਹੀ ਨਹੀਂ ਪੈਂਦੀ। ਟੈਲੀਵਿਯਨ ਵਾਲਾ ਕਮਰਾ ਕੋਰਟ ਤੋਂ ਪਰ੍ਹੇ ਕਿਸੇ ਹੋਰ ਇਮਾਰਤ ਵਿੱਚ ਹੋ ਸਕਦਾ ਹੈ।

ਟੈਲੀਵਿਯਨ ਚਾਲੂ ਕੀਤੇ ਜਾਣ 'ਤੇ ਕੋਰਟ ਰੂਮ ਵਿੱਚ ਬੈਠੇ ਵਿਅਕਤੀ ਤੁਹਾਨੂੰ ਵੇਖ ਸਕਦੇ ਹਨ ਅਤੇ ਤੁਹਾਡੀ ਗਲ ਸੁਣ ਸਕਦੇ ਹਨ। ਤੁਸੀਂ ਟੈਲੀਵਿਯਨ ਦੀ ਸਕ੍ਰੀਨ 'ਤੇ ਉਸ ਵਿਅਕਤੀ ਨੂੰ ਵੇਖ ਸਕੋਗੇ, ਜੋ ਤੁਹਾਨੂੰ ਸਵਾਲ ਪੁਛ ਰਿਹਾ ਹੋਵੇਗਾ।

ਜੇ ਤੁਹਾਨੂੰ ਸਵਾਲ ਠੀਕ ਤਰ੍ਹਾਂ ਸੁਣਾਈ ਨਹੀਂ ਦਿੰਦੇ ਜਾਂ ਕੋਈ ਹੋਰ ਸਮੱਸਿਆ ਹੋਵੇ, ਤਾਂ ਤੁਹਾਨੂੰ ਜੱਜ ਨੂੰ ਦਸ ਦੇਣਾ ਚਾਹੀਦਾ ਹੈ।

# ਸਕ੍ਰੀਨ ਦੀ ਵਰਤੋਂ

ਹੋ ਸਕਦਾ ਹੈ ਕਿ ਤੁਸੀਂ ਕੋਰਟ ਰੂਮ ਵਿੱਚ ਜਾਣਾ ਚਾਹੋ, ਪਰ ਤੁਸੀਂ ਉਸ ਵਿਅਕਤੀ ਨੂੰ ਵੇਖ ਲੈਣ ਬਾਰੇ ਫ਼ਿਕਰਮੰਦ ਹੋ ਸਕਦੇ ਹੋ, ਜਿਸਦਾ ਤੁਸੀਂ ਜ਼ਿਕਰ ਕੀਤਾ ਹੋਵੇ।

ਕੋਰਟਰੂਮ ਵਿੱਚ ਇਕ ਸਕ੍ਰੀਨ ਲਾਈ ਜਾ ਸਕਦੀ ਹੈ, ਤਾਂ ਜੋ ਤੁਹਾਨੂੰ ਉਸ ਵਿਅਕਤੀ ਨੂੰ ਵੇਖਣਾ ਨਾਂਹ ਪਵੇ।

ਸਕ੍ਰੀਨ ਕਮਰੇ ਨੂੰ ਦੋ ਹਿੱਸਿਆਂ ਵਿੱਚ ਵੰਡਣ ਵਾਲੇ ਇਕ ਪਰਦੇ ਵਾਂਗ ਹੁੰਦੀ ਹੈ।

ਤੁਸੀਂ ਫਿਰ ਵੀ ਜੱਜ, ਜਿਊਰੀ ਅਤੇ ਵਕੀਲਾਂ ਅਤੇ ਉਨ੍ਹਾਂ ਦੇ ਸਹਾਇਕਾਂ ਨੂੰ ਵੇਖ ਸਕੋਗੇ।

# ਸਮਰਥਨ ਦੇਣ ਵਾਲੇ ਵਿਅਕਤੀ ਦੀ ਵਰਤੋਂ

ਤੁਸੀਂ ਇਕ ਵਡੇ ਵਿਅਕਤੀ ਨੂੰ ਪੂਰਾ ਸਮਾਂ, ਇਥੋਂ ਤਕ ਕਿ ਉਸ ਵੇਲੇ ਵੀ ਜਦੋਂ ਤੁਸੀਂ ਜੱਜ ਜਾਂ ਵਕੀਲ ਨਾਲ ਗਲ ਕਰ ਰਹੇ ਹੋਵੋ, ਆਪਣੇ ਨਾਲ ਰਖ ਸਕਦੇ ਹੋ।

ਇਸ ਵਿਅਕਤੀ ਨੂੰ ਸਮਰਥਕ ਕਿਹਾ ਜਾਦਾ ਹੈ।

ਸੋਚੋ ਕਿ ਤੁਸੀਂ ਕਿਸੇ ਬੰਦੇ ਨੂੰਸਮਰਥਨ ਦੇਣ ਵਾਲੇ ਵਜੋਂ ਆਪਣੇ ਨਾਲ ਰਖਣਾ ਚਾਹੋਗੇ।

# ਹੋਰ ਗਲਾਂ ਜਿਨ੍ਹਾਂ ਤੋਂ ਤੁਹਾਨੂੰ ਸਹਾਇਤਾ ਮਿਲ ਸਕਦੀ ਹੈ

VIA ਜਾਂ ਵਕੀਲ ਤੁਹਾਨੂੰ ਹੋਰ ਵਿਸ਼ੇਸ਼ ਢੰਗਾਂ ਬਾਰੇ ਦਸ ਸਕਦੇ ਹਨ, ਜਿਨ੍ਹਾਂ ਤੋਂ ਤੁਹਾਨੂੰ ਗਵਾਹ ਬਣਨ ਵਿੱਚ ਸਹਾਇਤਾ ਮਿਲ ਸਕਦੀ ਹੈ।

ਕੀ ਪੁਲੀਸ ਨੇ ਉਸ ਵੇਲੇ ਕੋਈ ਵੀਡੀਓ ਜਾ ਟੇਪ ਰਿਕਾਰਡਿੰਗ ਕੀਤੀ ਜਦੋਂ ਤੁਸੀਂ ਉਸ ਨਾਲ ਗਲ ਕੀਤੀ ਸੀ? ਕੀ ਪੁਲੀਸ ਨੇ ਉਹ ਕੁਝ ਲਿਖਿਆ ਜੋ ਤੁਸੀਂ ਕਿਹਾ ਸੀ?

ਵੀਡੀਓ ਕੋਰਟਰੂਮ ਵਿੱਚ ਵਿਖਾਈ ਜਾ ਸਕਦੀ ਹੈ ਜਾਂ ਟੇਪ ਸੁਣਾਈ ਜਾ ਸਕਦੀ ਹੈ। ਜਾਂ ਪੁਲੀਸ ਵਲੋਂ ਲਿਖੇ ਗਏ ਨੋਟ ਪੜ੍ਹੇ ਜਾ ਸਕਦੇ ਹਨ।

ਜੇ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਵੇਖਣ ਜਾਂ ਸੁਣਨ ਲਈ ਕਿਹਾ ਜਾ ਸਕਦਾ ਹੈ। ਫਿਰ ਤੁਹਾਨੂੰ ਉਸ ਬਾਰੇ, ਜੋ ਕੁਝ ਤੁਸੀਂ ਕਿਹਾ ਸੀ, ਸਵਾਲ ਪੁਛੇ ਜਾ ਸਕਦੇ ਹਨ।

ਜੱਜ ਅਤੇ ਵਕੀਲ ਆਮ ਕਰਕੇ ਵਿਗ ਅਤੇ ਗਾਉਨ ਇਕ ਵਰਦੀ ਦੀ ਤਰ੍ਹਾਂ ਪਾ ਕੇ ਕੋਰਟ ਵਿੱਚ ਆਉਂਦੇ ਹਨ। ਕਿਸੇ ਨੂੰ ਇਸ ਬਾਰੇ ਪੁਛੋ। ਜੇ ਤੁਸੀਂ ਨਹੀਂ ਚਾਹੁੰਦੇ ਕਿ ਉਹ ਵਿਗ ਅਤੇ ਗਾਉਨ ਪਹਿਨਣ, ਤਾਂ ਕਿਸੇ ਨਾਲ ਗਲ ਕਰੋ।

ਕੋਰਟ ਇਹ ਜਾਣਨਾ ਚਾਹੁੰਦੀ ਹੈ ਕਿ ਤੁਸੀਂ ਕਿਸ ਤਰੀਕੇ ਨਾਲ ਗਵਾਹ ਬਣਨਾ ਚਾਹੋਗੇ।

ਸਵਾਲ ਪੁਛਣ ਤੋਂ ਘਬਰਾਉ ਨਾਂਹ।

ਤੁਹਾਡੇ ਲਈ ਸਭ ਤੋਂ ਚੰਗੇ ਢੰਗ ਦੀ ਚੋਣ ਕਰਨ ਵਿੱਚ ਕੋਈ ਵਿਅਕਤੀ ਤੁਹਾਡੀ ਮਦਦ ਕਰੇਗਾ। ਜੇ ਤੁਸੀਂ ਆਪਣਾ ਮਨ ਬਦਲ ਲੈਂਦੇ ਹੋ, ਤਾਂ ਕਿਸੇ ਅਜਿਹੇ ਵਿਅਕਤੀ ਨਾਲ ਗਲ ਕਰੋ, ਜੋ ਤੁਹਾਡੀ ਮਦਦ ਕਰ ਸਕਦਾ ਹੋਵੇ।

# ਕੋਰਟ ਦੀ ਫੇਰੀ

ਹੋ ਸਕਦਾ ਹੈ ਕਿ ਤੁਸੀਂ ਪਹਿਲਾਂ ਕਦੀ ਕੋਰਟ ਵਿੱਚ ਨਾਂਹ ਗਏ ਹੋਵੋ।

ਕੋਰਟ ਜਾਂ ਉਸ ਸਥਾਨ ਨੂੰ, ਜਿਥੇ ਤੁਸੀਂ ਗਵਾਹ ਵਜੋਂ ਪੇਸ਼ ਹੋਣਾ ਹੈ, ਇਕ ਵਾਰ ਜਾ ਕੇ ਪਹਿਲਾਂ ਵੇਖ ਆਉਣਾ ਚੰਗਾ ਰਹਿੰਦਾ ਹੈ।

ਤੁਸੀਂ ਆਪਣੇ ਕਿਸੇ ਵਾਕਿਫ਼ ਵਿਅਕਤੀ ਨਾਲ ਉਥੇ ਜਾ ਸਕਦੇ ਹੋ। ਇਹ ਵਿਅਕਤੀ ਤੁਹਾਡੇ ਪਰਿਵਾਰ 'ਚੋਂ ਜਾਂ ਤੁਹਾਡਾ ਸੋਸ਼ਲ ਵਰਕਰ ਜਾਂ VIA ਤੋਂ ਹੋ ਸਕਦਾ ਹੈ।

ਗਵਾਹ ਸੇਵਾ ਤੋਂ ਕੋਈ ਵਿਅਕਤੀ ਤੁਹਾਨੂੰ ਉਹ ਸਥਾਨ ਵਿਖਾਉਣ ਲਈ ਅਤੇ ਤੁਹਾਡੀ ਸਹਾਇਤਾ ਲਈ ਉਥੇ ਹੋਵੇਗਾ।

ਤੁਸੀਂ ਚਾਰ ਚੁਫੇਰੇ ਨਜ਼ਰ ਮਾਰ ਸਕਦੇ ਹੋ, ਅਤੇ ਉਹ ਸਥਾਨ ਵੇਖ ਸਕਦੇ ਹੋ, ਜਿਥੇ ਤੁਸੀਂ ਬੈਠੋਗੇ।

ਤੁਸੀਂ ਵਿਸ਼ੇਸ਼ ਟੈਲੀਵਿਯਨ ਅਤੇ ਸਕ੍ਰੀਨ ਵੇਖ ਸਕਦੇ ਹੋ। ਤੁਸੀਂ ਗਵਾਹ ਬਣਨ ਦਾ ਅਭਿਆਸ ਕਰ ਸਕਦੇ ਹੋ।

ਜੇ ਤੁਸੀਂ ਮਜ਼ਾ ਲੈਣਾ ਚਾਹੁੰਦੇ ਹੋ, ਤਾਂ ਜੱਜ ਬਣਨ ਦਾ ਅਭਿਆਸ ਕਰ ਸਕਦੇ ਹੋ।

ਤੁਸੀਂ ਇਕ ਸੀਡੀ ਰੱਮ 'ਤੇ ਵੇਖ ਸਕਦੇ ਹੋ ਕਿ ਕੋਰਟ ਰੂਮ ਅਤੇ ਵਿਸ਼ੇਸ਼ ਢੰਗ ਕਿਸਤਰ੍ਹਾਂ ਦੇ ਹਨ। ਤੁਸੀਂ ਇਸ ਬਾਰੇ ਪਤਾ ਕਰ ਸਕਦੇ ਹੋ।

# ਗਵਾਹ ਬਣਨ ਦੀ ਉਡੀਕ ਵਿੱਚ

ਗਵਾਹ ਬਣਨ ਲਈ ਲੰਮਾ ਸਮਾਂ ਉਡੀਕ ਕਰਨੀ ਪੈ ਸਕਦੀ ਹੈ।

ਕੋਰਟ ਕੋਲ ਬਹੁਤ ਕੰਮ ਹੁੰਦਾ ਹੈ। ਤੁਹਾਨੂੰ ਉਡੀਕ ਕਰਨੀ ਪੈ ਸਕਦੀ ਹੈ। ਇਹ ਸਮਾਂ ਅਕਾ ਦੇਣ ਵਾਲਾ ਹੋ ਸਕਦਾ ਹੈ। ਚੰਗਾ ਤਾਂ ਇਹ ਹੈ ਕਿ ਤੁਸੀਂ ਆਪਣੇ ਨਾਲ ਕੋਈ ਕਿਤਾਬ ਜਾਂ ਕਾਮਿਕ ਜਾ ਆਪਣਾ ਕੋਈ ਮਨਪਸੰਦ ਖਿਡੌਣਾ ਲੈ ਜਾਉ।

ਜਿਹੜਾ ਵਿਅਕਤੀ ਤੁਹਾਡੇ ਨਾਲ ਜਾਏ, ਉਸਨੂੰ ਕਹੋ ਕਿ ਉਹ ਤੁਹਾਡੇ ਖਾਣ ਅਤੇ ਪੀਣ ਵਾਸਤੇ ਕੁਝ ਲੈ ਆਵੇ।

ਕੁਝ ਹਾਲਤਾਂ ਵਿੱਚ ਹੋ ਸਕਦਾ ਹੈ ਕਿ ਤੁਹਾਨੂੰ ਘਰ ਜਾਣਾ ਪਏ ਅਤੇ ਕਿਸੇ ਹੋਰ ਦਿਨ ਫਿਰ ਆਉਣਾ ਪਏ।

ਕਦੀ ਕਦੀ ਹੋ ਸਕਦਾ ਹੈ ਕਿ ਤੁਸੀਂ ਸਵਾਲਾਂ ਦੇ ਜਵਾਬ ਦੇਣੇ ਸ਼ੁਰੂ ਕਰ ਦਿਉ, ਪਰ ਇਸ ਨੂੰ ਪੂਰਾ ਕਰਨ ਲਈ ਫਿਰ ਕਿਸੇ ਹੋਰ ਦਿਨ ਆਉਣਾ ਪੈ ਸਕਦਾ ਹੈ।

# ਤੁਹਾਡੇ ਵਲੋਂ ਸਾਰੇ ਜਵਾਬ ਦੇਣ ਤੋਂ ਬਾਅਦ ਕੀ ਹੁੰਦਾ ਹੈ?

ਸਾਰੇ ਸਵਾਲ ਪੁਛ ਲਏ ਜਾਣ ਅਤੇ ਤੁਹਾਡੇ ਵਲੋਂ ਕੋਰਟ ਨੂੰ ਉਹ ਸਭ ਕੁਝ ਦਸ ਦੇਣ ਪਿਛੋਂ, ਜੋ ਤੁਸੀਂ ਜਾਣਦੇ ਹੋ, ਤੁਹਾਡਾ ਕੰਮ ਖ਼ਤਮ ਹੋ ਜਾਵੇਗਾ।

ਇਸਤਰ੍ਹਾਂ ਤੁਸੀਂ ਇਕ ਬੜਾ ਮਹਤੱਵਪੂਰਨ ਕੰਮ ਮੁਕਾ ਲਿਆ ਹੋਵੇਗਾ।

ਸਾਰੇ ਗਵਾਹਾਂ ਦੇ ਭੁਗਤ ਜਾਣ ਤੋਂ ਬਾਅਦ ਕੋਰਟ ਫ਼ੈਸਲਾ ਕਰੇਗੀ ਕਿ ਕੀ ਕਿਸੇ ਨੇ ਕਾਨੂੰਨ ਭੰਗ ਕੀਤਾ ਹੈ, ਅਤੇ ਅਗੋਂ ਕੀ ਕਾਰਵਾਈ ਕਰਨੀ ਹੈ। ਕੋਈ ਨਾਂਹ ਕੋਈ ਤੁਹਾਨੂੰ ਦਸ ਦੇਵੇਗਾ ਕਿ ਕੋਰਟ ਨੇ ਕੀ ਫ਼ੈਸਲਾ ਕੀਤਾ ਹੈ।

## ਤੁਸੀਂ ਬਹੁਤ ਚੰਗਾ ਕੰਮ ਕੀਤਾ ਹੈ!
## ਗਵਾਹ ਬਣਨ ਲਈ ਤੁਹਾਡਾ ਧੰਨਵਾਦ।

# ਯਾਦ ਰਖਣ ਵਾਲੀਆਂ ਗਲਾਂ

ਜਦੋਂ ਤੁਸੀਂ ਗਵਾਹ ਬਣਦੇ ਹੋ, ਤਾਂ ਤੁਸੀਂ ਸਹਾਇਤਾ ਦੀ ਮੰਗ ਕਰ ਸਕਦੇ ਹੋ।

*''ਮਾਫ਼ ਕਰਨਾ''*

ਆਪਣਾ ਹੱਥ ਖੜ੍ਹਾ ਕਰਕੇ ਇਹ ਕਹਿਣ ਵਿੱਚ ਕੋਈ ਹਰਜ ਨਹੀਂ 'ਮਾਫ਼ ਕਰਨਾ'।

ਤੁਹਾਨੂੰ ਆਰਾਮ ਕਰਨ ਲਈ, ਵਿੱਚ ਰੁਕਣਾ ਪੈ ਸਕਦਾ ਹੈ।

ਹੋ ਸਕਦਾ ਹੈ ਕਿ ਤੁਹਾਨੂੰ ਪਾਣੀ ਦਾ ਇਕ ਗਲਾਸ ਚਾਹੀਦਾ ਹੋਵੇ ਜਾਂ ਤੁਸੀਂ ਟਾਇਲਟ ਜਾਣਾ ਚਾਹੁੰਦੇ ਹੋਵੋ।

ਜੇ ਤੁਸੀਂ ਆਪਣੇ ਆਪਨੂੰ ਅਸਵਸਥ ਜਾਂ ਥਕਿਆ ਹੋਇਆ ਮਹਿਸੂਸ ਕਰਦੇ ਹੋ ਤਾਂ ਜੱਜ ਅਤੇ ਵਕੀਲ ਇਹ ਗਲ ਸਮਝ ਲੈਣਗੇ।

ਹਰ ਕੋਈ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰੇਗਾ।

# ਸਵਾਲ?

ਤੁਸੀਂ ਗਵਾਹ ਬਣਨ ਦੇ ਸੰਬੰਧ ਵਿੱਚ ਜੇ ਕੋਈ ਸਵਾਲ ਪੁਛਣੇ ਚਾਹੋ, ਤਾਂ ਤੁਸੀਂ ਉਨ੍ਹਾਂ ਨੂੰ ਲਿਖ ਸਕਦੇ ਹੋ।

ਜੇ ਤੁਸੀਂ ਚਾਹੋ ਤਾਂ ਤੁਸੀਂ ਕਿਸੇ ਦੀ ਮਦਦ ਲੈ ਸਕਦੇ ਹੋ।

ਵਕੀਲ, **VIA** ਜਾਂ ਗਵਾਹ ਸੇਵਾ (ਵਿਟਨੈਸੱ ਸਰਵਿਸ) ਤੁਹਾਡੇ ਸਾਰੇ ਸਵਾਲਾਂ ਦੇ ਉਤੱਰ ਦੇਣ ਦਾ ਜਤਨ ਕਰਨਗੇ।

| ਸਵਾਲ? | ਜਵਾਬ |
| --- | --- |
| ਕੀ ਮੈਂ ਇਕ ਸਕ੍ਰੀਨ ਜਾਂ ਇਕ ਵਿਸ਼ੇਸ਼ ਟੈਲੀਵਿਯਨ ਦੀ ਵਰਤੋਂ ਕਰਨੀ ਚਾਹੁੰਦਾ ਹਾਂ? | |
| ਮੈਨੂੰ ਸਮਰਥਨ ਦੇਣ ਵਾਲਾ ਵਿਅਕਤੀ ਕੌਣ ਹੋ ਸਕਦਾ ਹੈ? | |
| ਕੀ ਮੈਂ ਕੋਰਟ ਵਿੱਚ ਫੇਰਾ ਮਾਰ ਸਕਦਾ ਹਾਂ? | |
| ਮੈਨੂੰ ਕਿਨ੍ਹਾਂ ਗਲਾਂ 'ਤੇ ਚਿੰਤਾ ਹੈ? | |
| | |
| | |

# ਬਹੁਤ ਚੰਗਾ ਕੰਮ ਕੀਤਾ ਹੈ ਅਤੇ ਤੁਹਾਡਾ ਧੰਨਵਾਦ

# ਤੁਹਾਡੇ ਨੋਟ

ਇਸ ਦਸਤਾਵੇਜ਼ ਦੀਆਂ ਹੋਰ ਕਾਪੀਆਂ, ਬੇਨਤੀ ਕੀਤੇ ਜਾਣ 'ਤੇ, ਆਡਿਓ, ਵਡੇ ਅੱਖਰਾਂ ਅਤੇ ਕਮਿਊਨਿਟੀ ਭਾਸ਼ਾਵਾਂ ਵਿੱਚ ਉਪਲਬਧ ਹਨ। ਕਿਰਪਾ ਕਰਕੇ 0131 244 2213 'ਤੇ ਸੰਪਰਕ ਕਰੋ।

© ਕ੍ਰਾਉਨ ਕਾਪੀਰਾਈਟ 2005

ਇਹ ਦਸਤਾਵੇਜ਼ ਸਕਾਟਿਸ਼ ਐਗਜ਼ੈਕਟਿਵ ਦੀ ਵੈਬੱਸਾਈਟ: www.scotland.gov.uk 'ਤੇ ਵੀ ਉਪਲਬਧ ਹੈ।

Astron B41390 06/05 (Punjabi)

ਹੋਰ ਕਾਪੀਆਂ ਇਸ ਪਤੇ 'ਤੇ ਉਪਲਬਧ ਹਨ
Blackwell's Bookshop
53 South Bridge
Edinburgh
EH1 1YS

ਟੈਲੀਫ਼ੋਨ 'ਤੇ ਆਰਡਰ ਦੇਣ ਅਤੇ ਪੁਛਾਂ ਲਈ
0131 622 8283 ਜਾਂ 0131 622 8258

ਫ਼ੈਕਸ ਦੁਆਰਾ ਆਰਡਰ
0131 557 8149

ਈਮੇਲ ਦੁਆਰਾ ਆਰਡਰ
business.edinburgh@blackwell.co.uk

ਇਸ ਦਸਤਾਵੇਜ਼ ਨੂੰ ਮੂਲ ਦਸਤਾਵੇਜ਼ ਦਾ ਸਹੀ ਰੂਪ ਮੰਨਿਆ ਜਾਂਦਾ ਹੈ

**w w w . s c o t l a n d . g o v . u k**